AAPIs for Civic Empowerment Education Fund

# 2022 ਕੈਲੀਫੋਰਨੀਆ ਮਿਡਟਰਮ ਚੋਣਾਂ ਵਾਰੇ ਜਾਣਕਾਰੀ

# MIDTERM ELECTION GUIDE

| 8 ਨਵੰਬਰ | NOV 8 |
|---|---|




## ਮੈਨੂੰ ਵੋਟ ਕਿਉਂ ਪਾਉਣੀ ਚਾਹੁੰਦੀ ਹੈ?
## WHY SHOULD I VOTE?

ਆਉ ਇਕੱਠੇ ਵੋਟ ਪਾਈਏ

VOTE AS A FORCE

ਕੈਲੀਫੋਰਨੀਆ ਦੇ ਏਸ਼ੀਅਨ ਅਮਰੀਕਨ ਅਤੇ ਪੈਸੀਫਿਕ ਆਈਲੈਂਡਰ ਵਸਨੀਕ ਚਾਹੁੰਦੇ ਹਨ ਕਿ ਉਨ੍ਹਾਂ ਦੇ ਪਰਿਵਾਰਾਂ ਨਾਲ ਇੱਜ਼ਤ ਨਾਲ ਵਰਤਾਉ ਕੀਤਾ ਜਾਵੇ, ਅਤੇ ਸਾਰਿਆਂ ਨੂੰ ਜ਼ਿੰਦਗੀ ਵਿੱਚ ਵੱਧਣ-ਫੁੱਲਣ ਦੇ ਪੂਰੇ ਮੌਕੇ ਮਿਲਣ। ਸਾਡੀ ਇੱਛਾ ਹੈ ਕਿ ਸਰਕਾਰ ਸਮਾਜ ਵਿੱਚ ਹਰੇਕ ਦੀ ਖੁਸ਼ਹਾਲੀ ਲਈ ਉਪਰਾਲਾ ਕਰੇ, ਨਾ ਕਿ ਘੱਟੋ - ਘੱਟ ਕੋਸ਼ਿਸ਼ ਕਰਕੇ ਕੰਮ ਸਾਰੇ। ਸਾਡੀ ਵੋਟ ਰਾਹੀਂ ਅਸੀਂ ਫੈਸਲਾ ਕਰਦੇ ਹਾਂ ਕਿ ਸਾਡੀ ਸਰਕਾਰ ਕਿਸ ਤਰ੍ਹਾਂ ਦੀ ਹੋਵੇਗੀ। ਸਾਡੀ ਏਕਤਾ ਵਿੱਚ ਹੀ ਸਾਡੀ ਤਾਕਤ ਹੈ।

SCAN ME

ਸਕੈਨ ਕਰੋ

Asian Americans and Pacific Islanders in California want our families to be treated with dignity and to have opportunities to thrive. We believe that we deserve abundance, not the bare minimum. When we vote, we decide how our state is governed. When we come together, we are powerful.

AAPIs FOR CIVIC EMPOWERMENT EDUCATION FUND

aapiforce-ef.org
@aapiforceef

ਦੁਆਰਾ ਭੁਗਤਾਨ ਕੀਤਾ ਗਿਆ ਇਸ਼ਤਿਹਾਰ CENTER FOR EMPOWERED POLITICS BALLOT MEASURE COMMITTEE, NONPROFIT 501 (C) 4

## ਕੀ ਤੁਸੀਂ ਵੋਟ ਪਾਉਣ ਲਈ ਤਿਆਰ ਹੋ?
## ARE YOU READY TO VOTE?

**1** ਕੀ ਮੈਂ ਵੋਟਰ ਵਜੋਂ ਰਜਿਸਟਰਡ ਹਾਂ?
**AM I REGISTERED TO VOTE?**

24 ਅਕਤੂਬਰ ਤੱਕ ਵੋਟ ਪਾਉਣ ਲਈ ਰਜਿਸਟਰ ਕਰੋ. VoterStatus.sos.ca.gov ਉੱਤੇ ਜਾ ਕੇ ਆਪਣਾ ਵੋਟਰ ਸਟੈਟੱਸ ਚੈਕ ਕਰੋ ਜਾਂ ਕਾਊਂਟੀ ਦਫਤਰ ਜਾ ਕੇ ਖੁਦ ਨੂੰ ਰਜਿਸਟਰ ਕਰੋ.

Register to vote by Oct 24. Check your registration status at VoterStatus.sos.ca.gov or register in person.

**2** ਮੇਰੀ ਬੈਲੱਟ ਕਿੱਥੇ ਹੈ?
**WHERE'S MY BALLOT?**

ਸਾਰੇ ਰਜਿਸਟਰਡ ਵੋਟਰਾਂ ਨੂੰ ਵੋਟ ਪਾਉਣ ਲਈ ਬੈਲੱਟ ਪੇਪਰ ਡਾਕ ਰਾਹੀਂ ਮਿਲੇਗਾ. ਆਪਣਾ ਬੈੱਲਟ ਪੇਪਰ ਇੱਥੇ ਲੱਭੋ: WheresMyBallot.sos.ca.gov. All registered voters will receive a ballot in the mail. Locate your ballot at WheresMyBallot.sos.ca.gov.

**3** ਚੋਣਾਂ ਵਿਚਲੇ ਮੁੱਦਿਆਂ ਵਾਰੇ ਖੋਜ-ਪੜ੍ਹਤਾਲ ਕਰੋ
**RESEARCH THE ISSUES**

ਕੀ ਤੁਹਾਨੂੰ ਪਤਾ ਹੈ ਕਿ ਕੈਲੀਫੋਰਨੀਆ ਦੇ ਵੋਟਰ ਇਸ ਵਾਰ ਕਿਸ ਮੁੱਦਿਆਂ ਉੱਤੇ ਵੋਟ ਪਾ ਰਹੇ ਹਨ? ਅਗਲੇ ਪੰਨੇ ਉੱਤੇ ਪੜ੍ਹੋ ਜੀ!

Do you know what California voters will be deciding in this election? Flip this page up to learn more!

## ਮੈਂ ਆਪਣਾ ਬੈਲੱਟ ਪੇਪਰ ਕਿਵੇਂ ਵਾਪਸ ਕਰ ਸਕਦਾ ਹਾਂ?
## HOW DO I RETURN MY BALLOT?

ਕਿਰਪਾ ਕਰਕੇ 8 ਨਵੰਬਰ ਸ਼ਾਮ 8 ਵਜੇ ਤੋਂ ਪਹਿਲਾਂ ਆਪਣਾ ਬੈਲੱਟ ਪੇਪਰ ਡਾਕ ਰਾਹੀਂ ਜਾਂ ਕਿਸੇ ਮਨਜ਼ੂਰਸ਼ੁਦਾ ਬੈਲੱਟ ਡਰੌਪ ਬੌਕਸ ਰਾਹੀਂ ਜਾਂ ਵੋਟਿੰਗ ਸੈਂਟਰ ਜਾਂ ਕਾਊਂਟੀ ਚੋਣ ਦਫਤਰ ਵਿਖੇ ਖੁਦ ਜਾ ਕੇ ਵਾਪਸ ਕਰੋ ਜੀ

Mail or drop off your vote-by-mail ballot at a ballot drop box, voting location, or county elections office by 8:00 p.m. on November 8.

1 

ਡਾਕ ਰਾਹੀਂ (ਕਿਸੇ ਵੀ ਸਟੈਂਪ ਦੀ ਲੋੜ ਨਹੀਂ)
mailbox (no postage needed)

2 

ਬੈਲੱਟ ਡਰੌਪ ਬੌਕਸ
ballot drop box

3 

ਤੁਹਾਡੇ ਨਜ਼ਦੀਕ ਵੋਟਿੰਗ ਸੈਂਟਰ
local polling place

ਆਪਣੇ ਨਜ਼ਦੀਕ ਬੈਲੱਟ ਬੌਕਸ ਜਾਂ ਵੋਟਿੰਗ ਸੈਂਟਰ ਇਸ ਲਿੰਕ ਰਾਹੀਂ ਲੱਭੋ:

FIND YOUR NEAREST DROPBOX OR POLLING PLACE HERE:
CAEARLYVOTING.SOS.CA.GOV

| 8 ਨਵੰਬਰ | NOV 8 |
|---|---|

## ਕਿਸ-ਕਿਸ ਚੀਜ਼ ਉਤੇ ਵੋਟਾ ਪੈ ਰਹੀਆ ਹਨ?

## WHAT WILL VOTERS BE DECIDING?

ਕੈਲੀਫੋਰਨੀਆ ਵਿਚਲੇ ਵੋਟਰ ਹੇਠ ਲਿਖੇ ਅਹੁਦਿਆਂ ਲਈ ਵੋਟ ਪਾਉਣਗੇ: California voters will be electing leaders to represent them in the following offices:

- ਅਮਰੀਕਨ ਸੈਨੇਟ | **US Senate**
- ਗਵਰਨਰ | **Governor**
- ਅਟੌਰਨੀ ਜਨਰਲ | **Attorney General**
- ਸੈਕਰੇਟਰੀ ਔਫ ਸਟੇਟ | **Secretary of State**
- ਕਾਂਗਰਸ ਵਿੱਚ ਹਾਊਸ ਔਫ ਰੈਪਰੀਜ਼ੈਂਟੇਟਿਵ ਦਾ ਮੈਂਬਰ | **US Representative in Congress**
- ਪਬਲਿਕ ਸਕੂਲਾਂ ਵਿੱਚ ਪੜ੍ਹਾਈ ਦਾ ਰਾਜ ਪੱਧਰੀ ਸੁਪਰਇਟੈਂਡੈਂਟ | **Superintendent of Public Instruction**
- ਰਾਜ ਪੱਧਰੀ ਸੈਨੇਟਰ | **State Senator**
- ਸੁਪਰੀਮ ਕੋਰਟ ਜਸਟਿਸ | **Supreme Court Justices**
- ਹੋਰ ਵੀ ਸਥਾਨਕ ਅਤੇ ਰਾਜ ਪੱਧਰੀ ਅਹੁਦਿਆਂ ਲਈ ਵੋਟਾਂ **Additional local and statewide positions**

## ਇਸ ਸਾਲ ਚੋਣਾਂ ਵਿੱਚ ਕਿਹੜੇ ਪ੍ਰੋਪੋਜ਼ਿਸ਼ਨਾਂ ਉੱਤੇ ਵੋਟਾਂ ਪੈਣੀਆਂ ਹਨ?

## WHAT PROPOSITIONS WILL BE ON THE BALLOT?

**ਹਾਂ YES** — ਪ੍ਰੋਪੋਜ਼ਿਸ਼ਨ 1: ਗਰਭ ਅਤੇ ਜਣੇਪੇ ਦੇ ਹੱਕਾਂ ਸੰਬੰਧੀ ਆਜ਼ਾਦੀ **PROP 1: REPRODUCTIVE FREEDOM**

ਇਹ ਪ੍ਰੋਪੋਜ਼ਿਸ਼ਨ ਇਸ ਗੱਲ ਦੀ ਗਰੰਟੀ ਦਿੰਦਾ ਹੈ ਕਿ ਕੈਲੀਫੋਰਨੀਆ ਵਿੱਚ ਰਾਜ ਸਰਕਾਰ ਕਿਸੇ ਦੇ ਵੀ ਗਰਭਪਾਤ (ਅਬੋਰਸ਼ਨ) ਕਰਵਾਉਣ ਦੇ ਹੱਕ ਅਤੇ ਗਰਭ ਨਿਰੋਧਕ ਤਰੀਕੇ ਵਰਤਣ ਜਾਂ ਨਾ ਵਰਤਣ ਦੇ ਹੱਕ ਵਿੱਚ ਦਖਲਅੰਦਾਜ਼ੀ ਨਹੀਂ ਕਰੇਗੀ।. **Guarantees reproductive freedom in the California Constitution, including the right to have an abortion and the right to use contraceptives.**

**ਨਿਰਪੱਖ, ਕੋਈ ਰਾਇ ਨਹੀਂ NEUTRAL** — ਪ੍ਰੋਪੋਜ਼ਿਸ਼ਨ 26: ਖੇਡਾਂ ਉੱਤੇ ਸੱਟੇਬਾਜ਼ੀ **PROP 26 : SPORTS BETTING**

ਇਹ ਪ੍ਰੋਪੋਜ਼ਿਸ਼ਨ ਪਾਸ ਹੋਣ ਦੀ ਸੂਰਤ ਵਿੱਚ ਫੈਡਰਲ ਸਰਕਾਰ ਵੱਲੋਂ ਪ੍ਰਮਾਣਿਤ ਮੂਲ ਅਮਰੀਕੀ ਵਰਗਾਂ ਵੱਲੋਂ ਚਲਾਏ ਜਾ ਰਹੇ ਜੂਆਖਾਨਿਆਂ (ਕਸੀਨੋ) ਅਤੇ ਮਨਜ਼ੂਰਸ਼ੁਦਾ ਘੋੜੇ ਦੀ ਦੌੜਾਂ ਵਾਲਿਆਂ ਜਗ੍ਹਾਵਾਂ ਵਿਖੇ ਲੋਕ ਖੁਦ ਜਾ ਕੇ ਖੇਡ ਮੁਕਾਬਲਿਆਂ ਉੱਤੇ ਸੱਟਾ ਲਗਾ ਸਕਦੇ ਹਨ, ਅਤੇ ਹੋਰ ਵੀ ਤਰੀਕਿਆਂ ਰਾਹੀਂ ਜੂਆ ਖੇਡ ਸਕਦੇ ਹਨ।. **Allows in-person sports betting at designated horse racetracks and at casinos operated by federally recognized Native American tribes. Also allows additional kinds of gambling at tribal casinos.**

**ਨਹੀਂ NO** — ਪ੍ਰੋਪੋਜ਼ਿਸ਼ਨ 27: ਇੰਟਰਨੈੱਟ ਰਾਹੀਂ ਜੂਆਬਾਜ਼ੀ **PROP 27: ONLINE GAMBLING**

ਇਹ ਪ੍ਰੋਪੋਜ਼ਿਸ਼ਨ ਮਨਜ਼ੂਰਸ਼ੁਦਾ ਮੂਲ ਅਮਰੀਕੀ ਵਰਗਾਂ ਅਤੇ ਕੈਲੀਫੋਰਨੀਆ ਤੋਂ ਬਾਹਰ ਸਥਿਤ ਜੂਆ ਕੰਪਨੀਆਂ ਨੂੰ ਮਨਜ਼ੂਰੀ ਦੇਵੇਗਾ ਕਿ 21 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਔਨਲਾਈਨ ਇੰਟਰਨੈੱਟ ਰਾਹੀਂ ਖੇਡਾਂ ਉੱਤੇ ਸੱਟਾ ਲਗਾ ਸਕਦੇ ਹਨ। ਜੇ ਇਹ ਪ੍ਰੋਪੋਜ਼ਿਸ਼ਨ ਪਾਸ ਹੁੰਦਾ ਹੈ ਤਾਂ ਪ੍ਰਮਾਣਿਤ ਮੂਲ ਅਮਰੀਕੀ ਕਬੀਲਿਆਂ ਕੋਲ ਜੂਆਖਾਨਿਆਂ ਦਾ ਜੋ ਫੈਡਰਲ ਕਾਨੂੰਨ ਅਧੀਨ ਇਕੱਲਾ ਕੰਟਰੋਲ ਹੈ, ਉਹ ਛੱਡਣਾ ਪਵੇਗਾ। **Allows licensed Native American tribes and gambling companies to offer online sports betting. If passed, licensed tribes must give up some of their rights under federal law. It also increases the chance that minors would have access to online betting.**

**ਹਾਂ YES** — ਪ੍ਰੋਪੋਜ਼ਿਸ਼ਨ 28: ਕਲਾ ਅਤੇ ਸੰਗੀਤ ਦੀ ਪੜ੍ਹਾਈ ਲਈ ਫੰਡਿੰਗ **PROP 28: ARTS & MUSIC FUNDING**

ਇਹ ਪ੍ਰੋਪੋਜ਼ਿਸ਼ਨ ਆਰਥਿਕ ਤੌਰ ਉੱਤੇ ਪੱਛੜੇ ਵਰਗਾਂ ਨਾਲ ਸੰਬੰਧਿਤ ਵਿਦਿਆਰਥੀਆਂ ਦੀ ਵੱਧ ਗਿਣਤੀ ਵਾਲੇ ਕਿੰਡਰਗਾਰਟਨ ਤੋਂ ਲੈ ਕੇ ਬਾਰ੍ਹਵੀਂ ਤੱਕ ਦੇ ਪਬਲਿਕ (ਸਰਕਾਰੀ) ਸਕੂਲਾਂ ਵਿੱਚ ਕਲਾ ਅਤੇ ਸੰਗੀਤ ਦੇ ਖੇਤਰਾਂ ਵਿੱਚ ਪੜ੍ਹਾਈ ਲਈ ਵਾਧੂ ਫੰਡਿੰਗ ਮੁਹੱਈਆ ਕਰਵਾਏਗਾ। ਇਹ ਪ੍ਰੋਪੋਜ਼ਿਸ਼ਨ ਇਸ ਵੇਲੇ ਨਿਰਧਾਰਤ ਸਕੂਲ ਫੰਡਿੰਗ ਵਿੱਚੋਂ ਸਾਲਾਨਾ 1 ਬਿਲੀਅਨ ਡਾਲਰ ਕਲਾ ਅਤੇ ਸੰਗੀਤ ਖੇਤਰਾਂ ਨੂੰ ਦੇਵੇਗਾ। **Supports additional funding for arts and music education in all K-12 public schools, including schools with high proportions of economically disadvantaged students. Directs $1 billion per year of existing school funding for arts and music education.**

**ਨਿਰਪੱਖ, ਕੋਈ ਰਾਇ ਨਹੀਂ NEUTRAL** — ਪ੍ਰੋਪੋਜ਼ਿਸ਼ਨ 29: ਡਾਇਆਲੀਸਿਸ ਕਲਿਨਿਕ **PROP 29: DIALYSIS CLINICS**

ਇਹ ਪ੍ਰੋਪੋਜ਼ਿਸ਼ਨ ਡਾਇਆਲੀਸਿਸ ਕਲੀਨਿਕਾਂ ਉੱਤੇ ਸਟਾਫ, ਡਾਟਾ ਰਿਪੋਰਟ ਕਰਨ ਅਤੇ ਵਿਤਕਰੇ ਦਾ ਟਾਕਰਾ ਕਰਨ ਲਈ ਨਵੇਂ ਨਿਯਮ ਬਣਾਉਂਦਾ ਹੈ।. **Imposes new requirements on dialysis clinics related to staffing, data reporting, and anti-discrimination.**

**ਨਿਰਪੱਖ, ਕੋਈ ਰਾਇ ਨਹੀਂ NEUTRAL** — ਪ੍ਰੋਪੋਜ਼ਿਸ਼ਨ 30: ਨਵਿਆਉਣਯੋਗ ਊਰਜਾ ਸਰੋਤਾਂ ਲਈ ਟੈਕਸ **PROP 30: TAX FOR GREEN ENERGY**

ਇਹ ਪ੍ਰੋਪੋਜ਼ਿਸ਼ਨ ਜੰਗਲੀ ਅੱਗ ਦੀ ਰੋਕਥਾਮ ਅਤੇ ਇਲੈਕਟ੍ਰਿਕ ਗੱਡੀਆਂ ਅਤੇ ਉਨ੍ਹਾਂ ਨਾਲ ਸੰਬੰਧਿਤ ਬੁਨਿਆਦੀ ਢਾਂਚਾ ਸਥਾਪਿਤ ਕਰਨ ਦੀ ਸਬਸਿਡੀ ਲਈ 2 ਮਿਲੀਅਨ ਡਾਲਰ ਤੋਂ ਉੱਪਰ ਕਮਾਈ ਵਾਲਿਆਂ ਦੇ ਟੈਕਸ ਵਿੱਚ 1.75% ਵਾਧਾ ਕਰਦਾ ਹੈ।. **Increases tax on personal income above $2 million to fund zero-emission vehicle and wildfire prevention programs.**

**ਹਾਂ YES** — ਪ੍ਰੋਪੋਜ਼ਿਸ਼ਨ 31: ਸੁਆਦ ਵਾਲੇ ਤੰਬਾਕੂ ਉੱਤੇ ਪਾਬੰਦੀ **PROP 31: FLAVORED TOBACCO BAN**

ਇਹ ਪ੍ਰੋਪੋਜ਼ਿਸ਼ਨ ਕੈਲੀਫੋਰਨੀਆ ਵੱਲੋਂ 2020 ਵਿੱਚ ਸੁਆਦ ਵਾਲੇ ਤੰਬਾਕੂ ਵਾਲੀਆਂ ਚੀਜ਼ਾਂ, ਜਿਨ੍ਹਾਂ ਵਿੱਚ ਸਿਗਰਟ, ਇਲੈਕਟਰੌਨਿਕ ਸਿਗਰਟ, ਵੇਪ ਅਤੇ ਚਿੱਥਣ ਵਾਲਾ ਤੰਬਾਕੂ ਸ਼ਾਮਿਲ ਹੈ, ਦੀ ਸਟੋਰ ਅਤੇ ਵੈਂਡਿੰਗ ਮਸ਼ੀਨਾਂ ਰਾਹੀਂ ਵਿਕਰੀ ਉੱਤੇ ਰੋਕ ਲਾਉਣ ਵਾਲੇ ਕਾਨੂੰਨ ਨੂੰ ਬਰਕਰਾਰ ਰੱਖਦਾ ਹੈ।. **Upholds the legislation to ban the sale of flavored tobacco products.**

ਹੋਰ ਜਾਣਕਾਰੀ ਲਈ **AAPIFORCE-EF.VOTE** ਉੱਤੇ ਜਾਉ ਜੀ

SCAN ME